ਰਜਿਸਟਰਡ

ਵੱਲੋਂ

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ,
-ਕਮ-ਅਪੀਲੀ ਪ੍ਰਾਧਿਕਾਰੀ, ਜਲੰਧਰ।

ਵੱਲ

ਰਿਟਾਇਰਡ ਐਸ.ਆਈ/ਐਲ.ਆਰ ਹਰਮੇਸ਼ ਸਿੰਘ
ਨੰਬਰ 2921/ਪੀਏਪੀ ਪੁੱਤਰ ਸ਼੍ਰੀ ਦਰਸ਼ਨ ਸਿੰਘ
ਵਾਸੀ ਪਿੰਡ ਤੇ ਡਾਕਖਾਨਾ ਲਿੱਤਰਾਂ,ਤਹਿਸੀਲ
ਨਕੋਦਰ ਜਿਲ੍ਹਾਂ ਜਲੰਧਰ।(ਮੋ:-62832-91117)

ਨੰਬਰ /ਈ-6, ਮਿਤੀ

ਵਿਸ਼ਾ:- ਸੂਚਨਾਂ ਅਧਿਕਾਰ ਐਕਟ-2005 ਅਧੀਨ ਸੂਚਨਾ ਲੈਣ ਸੰਬੰਧੀ ਅਪੀਲ।

ਯਾਦ ਪੱਤਰ

ਹਵਾਲਾ ਆਪ ਦੀ ਅਪੀਲ ਮਿਤੀ 21-03-2023, ਵਿਸ਼ਾ ਉਕਤ ਦੇ ਸਬੰਧ ਵਿੱਚ।

2. ਆਪ ਵੱਲੋਂ ਉਕਤ ਅਪੀਲ਼ ਰਾਹੀਂ ਮੰਗੀ ਗਈ ਸੂਚਨਾਂ/ਦਸਤਾਵੇਜਾ ਦੇ ਸਬੰਧ ਵਿੱਚ ਕਮਾਂਡੈਂਟ 7ਵੀਂ ਬਟਾਲੀਅਨ ਪੀ.ਏ.ਪੀ. ਜਲੰਧਰ ਸੂਚਿਤ ਕੀਤਾ ਹੈ ਕਿ ਆਪ ਦੀ ਰੀਫਿਕਸ ਹੋਈ ਤਨਖਾਹ ਦੇ ਬਕਾਏ ਦਾ ਬਿੱਲ ਨੰਬਰ 73 ਮਿਤੀ 06-05-2022 ਜਿਲ੍ਹਾਂ ਖਜਾਨਾ ਦਫਤਰ ਜਲੰਧਰ ਵਿਖੇ ਅਦਾਇਗੀ ਲਈ ਭੇਜਿਆ ਗਿਆ ਸੀ,ਪ੍ਰੰਤੂ ਬਿੱਲ ਪਰ ਇਤਰਾਜ ਲੱਗਣ ਤੇ ਉਸੇ ਬਿੱਲ ਨੂੰ ਦੁਬਾਰਾ ਸੋਧ ਕਰਨ ਉਪਰੰਤ ਮਿਤੀ 17-05-2022 ਨੂੰ ਭੇਜ ਦਿੱਤਾ ਗਿਆ ਸੀ।ਇਸ ਇਤਰਾਜ ਲੱਗੇ ਬਿੱਲ ਦੀ ਕਾਪੀ ਦਫਤਰ ਲੇਖਾਕਾਰ 7ਵੀ ਬਟਾਲੀਅਨ ਵਿਖੇ ਮੌਜੂਦ ਨਹੀਂ ਹੈ, ਕਿਉਕਿ ਇਤਰਾਜੀ ਬਿੱਲ ਦੀ ਕਾਪੀ ਬਿੱਲ ਪਾਸ ਕਰਵਾਉਣ ਲਈ ਬਿੱਲ ਦੇ ਨਾਲ ਖਜਾਨਾ ਦਫਤਰ ਵਿਖੇ ਵਾਪਸ ਭੇਜ ਦਿੱਤੀ ਜਾਂਦੀ ਹੈ। ਆਪ ਦਾ ਕੋਈ ਵੀ ਬਿੱਲ ਮਿਤੀ 10-05-2022 ਨੂੰ ਖਜਾਨਾ ਦਫਤਰ ਵਿੱਚ ਨਹੀਂ ਲਗਾਇਆ ਗਿਆ ਸੀ।ਇਸ ਲਈ ਆਪ ਵੱਲੋਂ ਮੰਗੇ ਗਏ ਦਸਤਾਵੇਜ ਆਪ ਨੂੰ ਮੁਹੱਈਆ ਕਰਨ ਤੋਂ ਕਮਾਂਡੈਂਟ 7ਵੀਂ ਬਟਾਲੀਅਨ ਪੀ.ਏ.ਪੀ.ਜਲੰਧਰ ਨੇ ਅਸਮਰੱਥ ਪ੍ਰਗਟਾਈ ਹੈ।

ਇਸ ਲਈ ਆਪ ਦੀ ਅਪੀਲ ਮਿਤੀ 21-03-2023 ਰੱਦ ਕੀਤੀ ਜਾਂਦੀ ਹੈ।

ਇੰਸਪੈਕਟਰ ਜਨਰਲ ਪੁਲਿਸ,ਪੀ.ਏ.ਪੀ,
-ਕਮ-ਅਪੀਲੀ ਪ੍ਰਾਧਿਕਾਰੀ, ਜਲੰਧਰ।

ਨੰਬਰ 15335-36 /ਈ-6 ਮਿਤੀ 27-4-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਮਾਂਡੈਂਟ 7ਵੀਂ ਬਟਾਲੀਅਨ ਪੀ.ਏ.ਪੀ., ਜਲੰਧਰ ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰਬਰ 8877/ਆਰ.ਟੀ.ਆਈ.ਸੈਲ, ਮਿਤੀ 03-04-2023 ਦੇ ਹਵਾਲੇ ਵਿੱਚ।
2. ਇੰਚਾਰਜ ਵੈਬ-ਸਾਈਟ ਪੀ.ਏ.ਪੀ., ਨੂੰ ਸਮੇਤ ਅਪੀਲ ਦੀ ਕਾਪੀ।

ਇੰਸਪੈਕਟਰ ਜਨਰਲ ਪੁਲਿਸ,ਪੀ.ਏ.ਪੀ,
-ਕਮ-ਅਪੀਲੀ ਪ੍ਰਾਧਿਕਾਰੀ, ਜਲੰਧਰ।

99
24/3/23

ਦੂ ਡੀ.ਜੀ.ਪੀ. ਆਰਮਡ ਬਟਾਲੀਅਨਜ਼
ਡਾਇਰੀ ਨੰ 7616
ਮਿਤੀ 22-3-23
ਜਲੰਧਰ ਛਾਉਣੀ

ਸੇਵਾ ਵਿਖੇ

ਇੰਸਪੈਕਟਰ ਜਰਨਲ ਆਫ ਪੁਲਿਸ-ਕਮ ਅਪੀਲ ਅਧਿਕਾਰੀ
ਪੀ.ਏ.ਪੀ. ਜਲੰਧਰ ਕੈਂਟ।

ਵਿਸ਼ਾ: ਲੋਕ ਸੂਚਨਾ ਅਧਿਕਾਰ ਐਕਟ-2005 ਦੇ ਤਹਿਤ ਸੂਚਨਾ ਪ੍ਰਾਪਤ ਕਰਨ ਸਬੰਧੀ ਅਰਜ਼ੀ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਮੈਂ ਐਸ.ਆਈ./ਐਲ.ਆਰ. ਹਰਮੇਸ਼ ਸਿੰਘ ਨੰ.2921/ ਪੀ.ਏ.ਪੀ. ਮਿਤੀ 31.03.2018 ਨੂੰ ਰਿਟਾਇਰ ਹੋਇਆ ਸੀ। ਮੇਰੀ ਰਿਵਾਇਜਡ ਹੋਈ ਪੈਨਸ਼ਨ ਦਾ ਜੋ ਬਕਾਏ ਦਾ ਬਿਲ ਜੋ ਮਿਤੀ 10.05.2022 ਨੂੰ ਭੇਜਿਆ ਗਿਆ ਸੀ ਉਸ ਬਾਰੇ ਮੈਨੂੰ ਹੈਂਡ ਕਲਰਕ, ਸੀ.ਆਰ.ਸੀ., ਅਕਾਊਂਟੈਂਟ ਅਤੇ ਡੀਲਿੰਗ ਹੈਡ ਨਿਰਮਲ ਸਿੰਘ ਨੇ ਮੈਨੂੰ ਦੱਸਿਆ ਸੀ ਕਿ ਉਸ ਉੱਪਰ ਕੁੱਝ ਓਬਜੈਕਸ਼ਨ ਲੱਗੇ ਹਨ। ਇਹ ਕਿ ਮੇਰੇ ਮਿਤੀ 10.05.2022 ਨੂੰ ਭੇਜੇ ਗਏ ਬਿਲ ਅਤੇ ਉਸ ਉੱਪਰ ਲੱਗੇ ਓਬਜੈਕਸ਼ਨ ਦੀ ਨਕਲ (ਭਾਵ ਦੋਨੋਂ ਚੀਜ਼ਾਂ ਦੀਆਂ ਨਕਲਾਂ) ਲੋਕ ਸੂਚਨਾ ਅਧਿਕਾਰ ਐਕਟ, 2005 ਚਾਹੀਦੀਆਂ ਹਨ।

ਇਹ ਕਿ ਇਸ ਤੋਂ ਪਹਿਲਾਂ ਮੈਂ ਮਿਤੀ 17.02.2023 ਨੂੰ ਇੱਕ ਅਰਜ਼ੀ ਕਮਾਂਡੈਂਟ 7ਵੀਂ ਬਟਾਲੀਅਨ ਨੂੰ ਪਾਈ ਸੀ ਜਿਸਦਾ ਮੈਨੂੰ ਪੱਤਰ ਨੰ. 6983/ਆਰ.ਟੀ.ਆਈ. ਮਿਤੀ 14.03.2023 ਰਾਹੀਂ ਮੈਨੂੰ ਉਪਰੋਕਤ ਨਕਲਾਂ ਦੇਣ ਤੋਂ ਨਾਂਹ ਕਰ ਦਿੱਤੀ ਗਈ ਹੈ।ਜਿਸ ਦੀ ਫੋਟੋ ਕਾਪੀ ਨਾਲ ਨੱਥੀ ਹੈ।

ਆਪ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਮੈਨੂੰ ਉਪਰੋਕਤ ਦੋਨੋਂ ਤਸਦੀਕ ਸ਼ੁਦਾ ਨਕਲਾਂ ਲੋਕ ਸੂਚਨਾ ਅਧਿਕਾਰ ਐਕਟ, 2005 ਦੁਆਈਆਂ ਜਾਣ, ਆਪ ਜੀ ਦੀ ਮੇਹਰਬਾਨੀ ਹੋਵੇਗੀ ਕਿਓਂਕਿ ਮੈਨੂੰ ਹੈਡ ਕਲਰਕ, ਸੀ.ਆਰ.ਸੀ. ਅਤੇ ਨਿਰਮਲ ਸਿੰਘ ਡੀਲਿੰਗ ਹੈਡ ਨੇ ਦੱਸਿਆ ਸੀ ਕਿ ਤੇਰਾ ਬਿਲ 10.05.2022 ਨੂੰ ਖਜਾਨੇ ਵਿੱਚ ਲੱਗਾ ਹੋਇਆ ਹੈ। ਹੁਣ ਇਹ ਉਪਰੋਕਤ ਤਿੰਨੋਂ ਵਿਅਕਤੀ ਆਪਣੀ ਮਿਤੀ 23.05.2022 ਨੂੰ ਕਹੀ ਹੋਈ ਗੱਲ ਤੋਂ ਮੁਕਰ ਰਹੇ ਹਨ ਅਤੇ ਕਹਿੰਦੇ ਹਨ ਕਿ ਅਸੀਂ 10.05.2022 ਨੂੰ ਕੋਈ ਬਿੱਲ ਨਹੀਂ ਲਗਾਇਆ। ਜਿਸ ਦੀ ਰਿਕਾਡਿੰਗ ਮੇਰੇ ਪਾਸ ਮੌਜੂਦ ਹੈ ਅਤੇ ਉਸਦੀ ਸੀ.ਡੀ. ਇਸ ਅਰਜ਼ੀ ਦੇ ਨਾਲ ਲਗਾਈ ਗਈ ਹੈ।

ਧੰਨਵਾਦ ਸਹਿਤ

ਮਿਤੀ- 21-03-2023

ਆਪ ਜੀ ਦਾ ਵਿਸ਼ਵਾਸ ਪਾਤਰ

ਹਰਮੇਸ਼ ਸਿੰਘ

ਸੇਵਾ ਮੁਕਤ S.I./L.R. ਹਰਮੇਸ਼ ਸਿੰਘ ਨੰ.2921/ ਪੀ.ਏ.ਪੀ.
ਪੁੱਤਰ ਸ. ਦਰਸ਼ਨ ਸਿੰਘ,
ਵਾਸੀ ਪਿੰਡ. ਤੇ ਡਾ. ਲਿੱਤਰਾਂ, ਤਹਿਸੀਲ ਨਕੋਦਰ,
ਜ਼ਿਲ੍ਹਾ: ਜਲੰਧਰ।
ਮੋਬਾਇਲ ਨੰ: 88726-77700

Supdt Admn.